Website ਤੋਂ

**ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ) ਪੰਜਾਬ**
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਮੋਹਾਲੀ।
**(ਵਜੀਫਾ ਸਾਖਾ)**

**ਵੱਲ**

**ਸਮੂਹ ਮੰਡਲ ਸਿੱਖਿਆ ਅਫਸਰ**
**ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)**
**ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ**

**ਮੀਮੋ ਨੰ: 6/3-2017 ਵਜੀਫਾ(6)**
**ਮਿਤੀ:** 18-5-2017

**ਵਿਸ਼ਾ:- ਵਿਦਿਅਕ ਸੈਸਨ 2017-18 epunjabschool.gov.in ਤੇ ਪ੍ਰੀ-ਮੈਟ੍ਰਿਕ ਸਕਾਲਰਸਿਪ ਸਕੀਮਾਂ ਅਧੀਨ ਸਕੂਲਾਂ ਵੱਲੋਂ ਭਰੇ ਜਾ ਰਹੇ ਵਿਦਿਆਰਥੀਆਂ ਦੇ ਡਾਟੇ ਵਿੱਚ ਸੋਧ ਕਰਨ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਸਬੰਧੀ ਸਾਲ 2017-18 ਅਧੀਨ ਸਮੂਹ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲ/ਸੰਸਥਾ ਜ਼ੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ ਅਤੇ ਈ-ਪੰਜਾਬ ਪੋਰਟਲ ਤੇ ਰਜਿਸਟਰਡ ਹੋਣ, ਦੇ ਵਿਦਿਆਰਥੀ ਪੋਰਟਲ ਤੇ ਵੱਖ-ਵੱਖ ਵਜੀਫਾ ਸਕੀਮਾਂ ਵਿੱਚ ਅਪਲਾਈ ਕਰਨ ਲਈ ਯੋਗ ਹਨ।ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਾਰੀਆਂ ਵਜੀਫਾ ਸਕੀਮਾਂ(ਜ਼ੋ ਕਿਸੇ ਵੀ ਪੋਰਟਲ ਤੇ ਹਨ), ਦੀ ਲਿਸਟ ਨੱਥੀ ਹੈ, ਹਰ ਸਕੂਲ ਦੇ ਨੋਟਿਸ ਬੋਰਡ ਤੇ ਜਰੂਰ ਲਗਾਈ ਜਾਵੇ, ਕਿਉਂਜੋ ਪਿਛਲੇ ਸਾਲ ਸਕੂਲਾਂ ਦੀ ਚੈਕਿੰਗ ਕਰਨ ਤੇ ਪਾਇਆ ਗਿਆ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਇਸ ਤੇ **implementation** ਨਹੀਂ ਕੀਤੀ ਗਈ ਸੀ।

- ਹਦਾਇਤਾਂ ਸਬੰਧੀ:-
  - ਉਪਰੋਕਤ ਸਕੀਮਾਂ ਸਬੰਧੀ ਹਦਾਇਤਾਂ ਅਤੇ **FAQs www.ssapunjab.org** ਦੇ **scholarship link** ਤੇ ਉਪਲਬਧ ਹਨ। ਇਹਨਾਂ ਸਕੀਮਾਂ ਵਿੱਚ ਵਿਦਿਆਰਥੀਆਂ ਦੇ ਕਲੇਮ ਭਰਨ ਸਮੇਂ ਹਦਾਇਤਾਂ ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ। ਇਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।
  - ਈ-ਪੰਜਾਬ ਪੋਰਟਲ ਤੇ ਇਸ ਸਮੇਂ ਵਿਦਿਆਰਥੀਆਂ ਦੇ ਵੇਰਵੇ ਜਿਸ ਵਿੱਚ **D.O.B, Father Name, Mother Name, UID, Caste, Category, Address, Disability level** ਸ਼ਾਮਿਲ ਹਨ, ਨੂੰ **update** ਕੀਤਾ ਜਾ ਰਿਹਾ ਹੈ।ਵਿਦਿਆਰਥੀਆਂ ਦੀ ਸਕੀਮ ਦੀਆਂ ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜਾਂ ਦੀ ਹਾਰਡ ਕਾਪੀ ਸਕੂਲ/ਕਲਾਸ ਇੰਚਾਰਜ ਕੋਲ ਉਪਲਬਧ ਹੋਣ ਚਾਹੀਦੀ ਹੈ। ਹਰ ਸਕੂਲ ਵਿੱਚ ਦੋ ਵਜੀਫਾ ਇੰਚਾਰਜ ਬਣਾਏ ਜਾਣਗੇ।ਇੱਕ ਪ੍ਰੀ-ਮੈਟ੍ਰਿਕ ਸਕੀਮਾਂ ਲਈ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਲਈ। ਵਿਦਿਆਰਥੀ ਆਪਣੇ ਸਾਰੇ ਦਸਤਾਵੇਜ਼ ਕਲਾਸ ਇੰਚਾਰਜ ਨੂੰ ਜਮ੍ਹਾਂ ਕਰਵਾਉਣਗੇ ਅਤੇ ਕਲਾਸ ਇੰਚਾਰਜ ਵੱਖ-ਵੱਖ ਵਜੀਫਾ ਸਕੀਮਾਂ ਦੀਆਂ ਲਿਸਟਾਂ ਆਪਣੀ ਜਮਾਤ ਵਿੱਚ ਲਗਾਉਣਗੇ, ਜਿਸ ਅਨੁਸਾਰ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਇਹ ਨਿਸ਼ਚਿਤ ਕਰ ਸਕਣਗੇ ਕਿ ਉਹ ਕਿਸ ਸਕੀਮ ਅਧੀਨ ਵਧੇਰੇ ਲਾਭ ਲੈ ਸਕਦੇ ਹਨ ਅਤੇ ਇਸ ਸਬੰਧੀ ਮਾਪਿਆਂ ਨੂੰ ਗਾਇਡ ਕੀਤਾ ਜਾਵੇ।

- **Workflow:-**

  ਇਸ ਕੰਮ ਨੂੰ ਹੇਠ ਲਿਖੇ **workflow** ਨਾਲ ਕੀਤਾ ਜਾਵੇ।

➢ ਵਿਦਿਆਰਥੀ --> ਜਮਾਤ ਇੰਚਾਰਜ --> ਪ੍ਰੀ-ਮੈਟ੍ਰਿਕ ਸਕੀਮਾਂ ਦੇ ਨੋਡਲ ਇੰਚਾਰਜ --> ਜਿਲ੍ਹਾ ਸਿੱਖਿਆ ਅਫਸਰ ---> ਡੀ.ਪੀ.ਆਈ(ਸੈ:ਸਿ:) ---> ਭਲਾਈ ਵਿਭਾਗ

- ਆਧਾਰ ਕਾਰਡ ਸਬੰਧੀ:-

  ➢ ਸਕੀਮ ਵਿੱਚ ਅਪਲਾਈ ਕਰਨ ਵਾਲੇ ਵਿਦਿਆਰਥੀ ਦਾ ਆਧਾਰ ਹੋਣਾ ਲਾਜਮੀ ਅਤੇ ਇਸ ਨੂੰ ਬੈਂਕ ਖਾਤੇ ਨਾਲ ਲਿੰਕ ਕਰਵਾਉਣਾ/ਆਧਾਰ ਸੀਡਿੰਗ ਕਰਵਾਉਣਾ ਵੀ ਜਰੂਰੀ ਹੈ।ਜੇਕਰ ਕਿਸੇ ਵਿਦਿਆਰਥੀ ਦਾ ਆਧਾਰ ਨਹੀਂ ਬਣਿਆ ਹੈ, ਤਾਂ ਵਿਸ਼ੇਸ਼ ਉਪਰਾਲੇ ਕਰਕੇ ਉਸ ਦਾ ਆਧਾਰ ਬਣਾਇਆ ਜਾਵੇ। ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ **Aadhaar Act 2016 Section 7** ਦੀ ਪਾਲਣਾ ਕਰਦੇ ਹੋਏ ਸਕੂਲਾਂ ਵਿੱਚ ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀਂ ਬਣੇ ਹਨ, ਦੇ ਕੈਂਪ ਲਗਾ ਕੇ ਆਧਾਰ ਬਣਵਾਏ ਜਾਣ।

- ਆਧਾਰ ਸੀਡਿੰਗ ਸਬੰਧੀ:-

  ➢ ਸਕੂਲਾਂ ਵਿੱਚ ਵੱਖ-ਵੱਖ ਵਜੀਫਾ ਸਕੀਮਾਂ ਅਧੀਨ ਵਿਦਿਆਰਥੀਆਂ ਨੇ ਜਿਸ ਬੈਂਕ ਵਿੱਚ ਖਾਤਾ ਖੁਲਵਾਇਆ ਹੈ, ਉਸ ਦੀ ਕਲਾਸ ਵਾਈਜ਼, ਬੈਂਕ ਵਾਈਜ਼ ਲਿਸਟਾਂ ਤਿਆਰ ਕਰਕੇ ਜਿਸ ਵਿੱਚ ਵਿਦਿਆਰਥੀ ਦਾ **consent form** ਲਗਾ ਕੇ ਬੈਂਕ ਨੂੰ ਲਿਸਟਾਂ ਸਕੂਲਾਂ ਵੱਲੋਂ ਹੀ ਭੇਜ਼ ਦਿੱਤੀਆਂ ਜਾਣ, ਜਿਸ ਵਿੱਚ ਬੈਂਕ ਖਾਤਿਆਂ ਨਾਲ ਆਧਾਰ ਸੀਡਿੰਗ ਦੀ ਕਾਰਵਾਈ ਸ਼ੁਰੂ ਵਿੱਚ ਹੀ 100% ਮੁਕੰਮਲ ਹੋ ਸਕੇ। ਜੇਕਰ ਸੀਡਿੰਗ ਸਮੇਂ ਕਿਸੇ ਬੈਂਕ ਵੱਲੋਂ ਕੋਈ ਮੁਸ਼ਕਿਲ ਆਉਂਦੀ ਹੈ, ਤਾਂ ਉਹ ਜਿਲ੍ਹਾ ਸਿੱਖਿਆ ਅਫਸਰ ਨੂੰ ਸੂਚਿਤ ਕਰਨ।

  ➢ ਆਧਾਰ ਬਣਾਉਣ ਵਾਲੀਆਂ ਅਜੰਸੀਆਂ ਅਤੇ ਜਿਲ੍ਹੇ ਵਿੱਚ ਮਸ਼ੀਨਾਂ ਦੀ ਸਥਿਤੀ ਸਬੰਧੀ ਜਾਣਕਾਰੀ ਵੈਬਸਾਇਟ **epunjabschool.gov.in** ਤੇ ਪਾਈਆਂ ਗਈਆਂ ਹਨ।

- ਧਿਆਨ ਵਿੱਚ ਰੱਖਣਯੋਗ ਤੱਥ:-

  ➢ ਸਾਲ 2015-16 ਅਤੇ 2016-17 ਦੌਰਾਨ ਇਹ ਪਾਇਆ ਗਿਆ ਕਿ ਆਧਾਰ ਭਰਨ ਸਮੇਂ ਸਕੂਲਾਂ ਵੱਲੋਂ ਕੰਮ ਨੂੰ 100% ਮੁਕੰਮਲ ਦਿਖਾਉਣ ਲਈ ਵਿਦਿਆਰਥੀਆਂ ਦੇ ਆਧਾਰ ਨਾ ਹੋਣ ਦੀ ਸੂਰਤ ਵਿੱਚ ਉਸ ਕਾਲਮ ਵਿੱਚ 0000000000, 0123456789(12 ਅੱਖਰ ਪੂਰੇ ਕਰਕੇ)ਗਲਤ ਆਧਾਰ ਭਰਿਆ ਗਿਆ, ਜਿਸ ਨੂੰ ਠੀਕ ਕਰਵਾਉਣ ਲਈ ਵਿਭਾਗ ਵੱਲੋਂ ਵੱਖ-ਵੱਖ ਦਫਤਰਾਂ ਨਾਲ ਬੇਲੋੜੀ ਕਾਰਵਾਈ ਕਰਨ ਵਿੱਚ ਕਾਫੀ ਸਮਾਂ ਬਰਬਾਦ ਹੋਇਆ। ਇਸ ਲਈ ਹੁਣ ਅਜਿਹੀ ਸਥਿਤੀ ਵਿੱਚ ਉਨ੍ਹਾਂ ਸਕੂਲਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

  ➢ ਵਿਦਿਆਰਥੀ ਦੇ ਜ਼ੋ ਆਧਾਰ ਨੰਬਰ ਭਰੇ ਗਏ ਸਨ, ਉਨ੍ਹਾਂ ਵਿੱਚੋਂ ਕਾਫੀ ਵਿਦਿਆਰਥੀਆਂ ਦੇ ਆਧਾਰ **valid** ਨਹੀਂ ਸਨ, ਜਿਸ ਦਾ ਕਾਰਨ ਜਾਂ ਤਾਂ ਆਪ ਵੱਲੋਂ ਆਧਾਰ ਕਾਰਡ ਦੇਖ ਕੇ ਨਹੀਂ ਭਰੇ ਗਏ ਜਾਂ ਭਰਨ ਸਮੇਂ ਬੇਧਿਆਨੀ ਵਰਤੀ ਗਈ।

- ਵਿਦਿਆਰਥੀਆਂ ਦੀ ਕੈਟਾਗਰੀ ਵੀ ਧਿਆਨ ਨਾਲ ਭਰੀ ਜਾਵੇ, ਕਿਉਂਜੋ ਪਿਛਲੇ ਸਾਲ ਕੁਝ ਵਿਦਿਆਰਥੀ ਜ਼ੋ ਐਸ.ਸੀ/ਓ.ਬੀ.ਸੀ/ਬੀ.ਸੀ/ਜਨਰਲ ਕੈਟਾਗਰੀ ਦੇ ਸਨ ਅਤੇ ਉਨ੍ਹਾਂ ਦੀ ਕੈਟਾਗਰੀ ਐਸ.ਟੀ ਭਰੀ ਗਈ ਸੀ।
- ਕਿੱਤਾ ਬੇਸਡ ਸਕੀਮ ਵਿੱਚ ਕਿੱਤਾ ਭਰਨਾ ਲਾਜਮੀ ਹੈ ਅਤੇ ਮਾਪਿਆਂ ਤੋਂ ਕਿੱਤੇ ਸਬੰਧੀ ਸਵੈ-ਘੋਸ਼ਣਾ ਲਿਆ ਜਾਵੇ।
- ਕਿਉਂਜ਼ੋ ਸਾਲ 2016-17 ਦੌਰਾਨ ਸਕੂਲਾਂ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਮੇਂ ਸਿਰ **data forward/approve** ਨਾ ਹੋਣ ਕਾਰਨ ਵਿਦਿਆਰਥੀ ਲਾਭ ਲੈਣ ਤੋਂ ਵਾਂਝੇ ਰਹਿ ਗਏ।ਇਸ ਸਬੰਧੀ ਹੁਣ ਅਜਿਹੀ ਸਥਿਤੀ ਵਿੱਚ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ। ਇਸ ਲਈ **time schedule** ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।
- ਸਕਾਲਰਸ਼ਿਪ ਅਪਲਾਈ ਕਰਵਾਉਣ ਸਮੇਂ ਵਿਦਿਆਰਥੀ ਨੂੰ ਵਧੇਰੇ ਵਿੱਤੀ ਲਾਭ ਮਿਲਣ ਵਾਲੀਆਂ ਸਕੀਮਾਂ ਵਿੱਚ ਹੀ ਯੋਗਤਾ ਅਤੇ ਪਹਿਲ ਦੇ ਆਧਾਰ ਤੇ ਅਪਲਾਈ ਕਰਵਾਇਆ ਜਾਵੇ।
- ਵਿਦਿਆਰਥੀਆਂ ਦੇ ਸਕਾਲਰਸ਼ਿਪ ਸਕੀਮਾਂ ਵਿੱਚ ਅਪਲਾਈ ਕਰਨ ਸਬੰਧੀ ਰਾਈਟ ਟੂ ਸਰਵਿਸ ਕਮਿਸ਼ਨ ਐਕਟ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੀਮਾਂ ਨੂੰ ਸਮੇਂ ਸਿਰ **forward** ਕੀਤਾ ਜਾਵੇ।

ਜੇਕਰ ਕਿਸੇ ਸਕੂਲ ਨੂੰ ਈ-ਪੰਜਾਬ ਪੋਰਟਲ ਦੀ **login-id and password** ਨਹੀਂ ਮਿਲਿਆ ਹੈ ਤਾਂ ਉਹ **MIS coordinator,O/o District Education Office(EE)** ਨਾਲ ਸੰਪਰਕ ਕਰ ਸਕਦਾ ਹੈ।

18/4/17

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

# List of Pre Matric Scholarship Schemes
## *for epunjabschool.gov.in*

**Centrally Sponsored Schemes(CSS)**

- **Pre Matric SC Scheme(9th and 10th)**
- **Pre Matric Scholarship Scheme for the children whose parents are engaged in unclean occupation( 1st to 10th )**
- **Pre Matric scholarship for OBC(1st to 10th)**
- **Upgradation of Merit of SC students(9th to 12th)**

**Centrally Sponsored schemes of Ministry of Human Resource Development, New Delhi, Govt. of India**

- **NMMSS (National Means cum Merit Scholarship Scheme)**
- **NSIGSE(National Scheme of Incentive to Girls for Secondary Education)**

**State Sponsored Schemes(SSS)**

- **55-Award to SC Sports students (6th to 12th)**
- **Award to Brilliant to SC students (6th to 12th)**
- **Promotion of Education among Backward Classes (Raj vidyak Bhlai Scheme(6th to 8th)**
- **Denotified Tribes(6th to 10th)**